a2zpapers.com

www.a2zpapers.com

**Exam. Code : 108602**
**Subject Code : 2916**

## B.Sc. Fashion Designing 2nd Semester

## ਪੰਜਾਬੀ ਲਾਜ਼ਮੀ

## Paper–VI Opt.(i)

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. "ਅਚੇਤਨ ਦਾ ਗੁਣ ਤੇ ਸੁਭਾਅ" ਵਿਸ਼ੇ ਤੇ ਨਿਬੰਧ ਲਿਖੋ।

**ਜਾਂ**

"ਕੰਪਿਊਟਰ ਅਤੇ ਇੰਟਰਨੈੱਟ" ਨਿਬੰਧ ਦਾ ਵਿਸ਼ਾ-ਵਸਤੂ ਲਿਖੋ। 10

2. "ਘੋਟਣਾ" ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10
3. ਸ਼ਬਦ ਸ਼੍ਰੇਣੀਆਂ ਦੀ ਪਰਿਭਾਸ਼ਾ ਦੱਸਦੇ ਹੋਏ ਇਹਨਾਂ ਦੀ ਵਿਸਥਾਰ ਸਹਿਤ ਚਰਚਾ ਕਰੋ। 10
4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** 'ਤੇ ਪੈਰ੍ਹਾ-ਰਚਨਾ ਕਰੋ :
   (ੳ) ਸੂਚਨਾ ਦੇ ਸਾਧਨ
   (ਅ) ਵਿਗਿਆਨ
   (ੲ) ਨੈਤਿਕਤਾ। 5
5. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :
   ਕੁਝ ਮਾਨਵ ਵਿਗਿਆਨੀ ਅਤੇ ਲੋਕਧਾਰਾ ਵਿਗਿਆਨੀ ਜਾਦੂ ਚਿੰਤਨ ਨੂੰ ਮਾਨਵ ਸੋਚ ਦਾ ਪਹਿਲਾ ਪੜਾਅ ਮੰਨਦੇ ਹਨ। ਮੁੱਢਲਾ ਮਾਨਵ ਪ੍ਰਾਕਿਰਤਕ ਘਟਨਾਵਾਂ ਨੂੰ ਆਪਣੀ ਇੱਛਾ ਅਨੁਕੂਲ ਰੁਖ ਦੇਣ ਲਈ ਰਹੱਸਾਤਮਕ ਵਿਧੀ-ਵਿਧਾਨ ਦੀ ਵਰਤੋਂ ਕਰਦਾ ਸੀ। ਉਸ ਸਮੇਂ ਬੀਮਾਰੀਆਂ ਤੋਂ ਬਚਾਉ ਲਈ ਵੀ ਮੰਤਰਾਂ ਅਤੇ ਅਨੁਸ਼ਠਾਨਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਹ ਵਿਅਕਤੀ ਨੂੰ ਸਿਆਣਾ ਕਿਹਾ ਜਾਂਦਾ ਸੀ, ਜੋ ਪ੍ਰਕਿਰਤੀ ਦੇ ਰਹੱਸ ਬਾਰੇ ਜਾਣਕਾਰੀ ਰੱਖਦਾ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

ਸੀ। ਚਿਕਿਤਸਾ ਵਿੱਚ ਮੰਤਰ-ਤਵੀਤ ਅਤੇ ਜੰਤਰ ਦੀ ਵਿਧੀ ਬਹੁਤ ਲੋਕਪ੍ਰਿਅ ਸੀ। ਤਵੀਤ ਜਾਂ ਜੰਤਰ ਨੂੰ ਸਥਾਪਿਤ ਕਰਨ ਸਮੇਂ ਮੰਤਰ ਦੀ ਵਰਤੋਂ ਕੀਤੀ ਜਾਂਦੀ ਸੀ। ਮੰਤਰ ਬੀਮਾਰੀ ਹਟਾਉਣ ਅਤੇ ਬੀਮਾਰੀ ਲਾਉਣ, ਦੋਵੇਂ ਕਾਰਜਾਂ ਲਈ ਪ੍ਰਯੋਗ ਹੁੰਦਾ ਸੀ। ਵਰਤਮਾਨ ਜੀਵਨ ਵਿੱਚ ਭਾਵੇਂ ਇਨ੍ਹਾਂ ਦੀ ਹੋਂਦ ਵਿਗਿਆਨਕ ਚਕਿਤਸਾ ਕਾਰਨ ਘੱਟ-ਗਈ ਹੈ, ਪਰ ਫਿਰ ਵੀ ਇਨ੍ਹਾਂ ਦੀ ਝਲਕ ਵੇਖਣ ਨੂੰ ਮਿਲ ਹੀ ਜਾਂਦੀ ਹੈ।

(ੳ) ਉਪਰੋਕਤ ਪੈਰ੍ਹੇ ਦਾ ਸਿਰਲੇਖ ਲਿਖੋ।

(ਅ) ਪਹਿਲੇ ਸਮਿਆਂ ਵਿੱਚ ਬਿਮਾਰੀ ਨੂੰ ਦੂਰ ਕਰਨ ਦਾ ਢੰਗ ਕੀ ਸੀ ?

(ੲ) ਪਹਿਲੇ ਸਮਿਆਂ ਵਿੱਚ ਬੀਮਾਰ ਵਿਅਕਤੀ ਨੂੰ ਕਿਸ ਕੋਲ ਲੈ ਕੇ ਜਾਇਆ ਜਾਂਦਾ ਸੀ।

(ਸ) ਅੱਜ ਦੇ ਸਮੇਂ ਵਿੱਚ ਚਕਿਤਸਾ ਦਾ ਢੰਗ ਕਿਸ ਤਰ੍ਹਾਂ ਦਾ ਹੈ ?

(ਹ) ਮੁੱਢਲੀ ਚਕਿਤਸਾ ਨੂੰ ਕਿਸ ਵਿਗਿਆਨ ਦੇ ਖੇਤਰ ਤਹਿਤ ਵਿਚਾਰਿਆ ਜਾਂਦਾ ਹੈ। 5

6. ਹੇਠ ਲਿਖੇ ਅਖਾਣ ਅਤੇ ਮੁਹਾਵਰਿਆਂ ਵਿੱਚੋਂ **ਪੰਜ-ਪੰਜ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ :

(ੳ) **ਅਖਾਣ :** ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ, ਉਲਟੀ ਵਾੜ ਖੇਤ ਨੂੰ ਖਾਵੇ, ਇਕ ਇਕ ਤੇ ਦੋ ਗਿਆਰਾਂ, ਇਕ ਅਨਾਰ ਸੌ ਬਿਮਾਰ, ਸੱਦੀ ਨ ਬੁਲਾਈ ਮੈਂ ਲਾੜੇ ਦੀ ਤਾਈ, ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ, ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ, ਅਸਮਾਨ ਤੋਂ ਡਿੱਗੀ ਖਜੂਰ 'ਤੇ ਅਟਕੀ। 5

(ਅ) **ਮੁਹਾਵਰੇ :** ਰਫੂ ਚੱਕਰ ਹੋ ਜਾਣਾ, ਰਾਈ ਦਾ ਪਹਾੜ ਬਣਾਉਣਾ, ਵਾਲ ਵਿੰਗਾ ਨਾ ਹੋਣਾ, ਦੰਦ ਖੱਟੇ ਕਰਨੇ, ਥੁੱਕ ਕੇ ਚੱਟਣਾ, ਢਿੱਡ ਵਿਚ ਚੂਹੇ ਨੱਚਣਾ, ਟੱਸ ਤੋਂ ਮੱਸ ਨਾ ਹੋਣਾ, ਚਾਦਰ ਦੇਖ ਕੇ ਪੈਰ ਪਸਾਰਨੇ। 5



www.a2zpapers.com www.a2zpapers.com
ad free old Question papers gndu, ptu hp board, punjab